International Journal of Applied Research 2024; 10(8): 50-54




**ISSN Print:** 2394-7500
**ISSN Online:** 2394-5869
**Impact Factor (RJIF):** 8.4
IJAR 2024; 10(8): 50-54
www.allresearchjournal.com
Received: 02-06-2024
Accepted: 05-07-2024

**ਰੁਪਿੰਦਰ ਕੌਰ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ, ਬੁਢਲਾਡਾ, ਪੰਜਾਬ, ਭਾਰਤ

**Corresponding Author:**
**ਰੁਪਿੰਦਰ ਕੌਰ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ, ਬੁਢਲਾਡਾ, ਪੰਜਾਬ, ਭਾਰਤ

# ਅਜੋਕੀ ਪੰਜਾਬੀ ਕਹਾਣੀ ਦੇ ਸੰਦਰਭ ਵਿਚ ਅਮਨ ਗਿੱਲ ਦੀ ਕਹਾਣੀ-ਕਲਾ

**ਰੁਪਿੰਦਰ ਕੌਰ**

**DOI:** https://www.doi.org/10.22271/allresearch.2024.v10.i8a.12874

**ਮੁਖਬੰਧ**
ਅਜੋਕੀ ਪੰਜਾਬੀ ਕਹਾਣੀ ਜੀਵਨ ਯਥਾਰਥ ਦੇ ਬਹੁ-ਪਰਤੀ, ਬਹੁਦਿਸ਼ਾਵੀ ਅਤੇ ਬਹੁ-ਆਯਾਮੀ ਪਾਸਾਰਾਂ ਨੂੰ ਆਪਣੀ ਸਿਰਜਣਾ ਦਾ ਆਧਾਰ ਬਣਾਉਂਦੀ ਹੈ । ਜ਼ਿੰਦਗੀ ਦਾ ਕੋਈ ਵੀ ਪੱਖ ਇਸ ਤੋਂ ਅਛੂਤਾ ਨਹੀਂ ਰਿਹਾ। ਸਮਕਾਲ ਵਿਚ ਵਾਪਰੀਆਂ ਦੋ ਪ੍ਰਮੁੱਖ ਘਟਨਾਵਾਂ ਸੋਵੀਅਤ ਸੰਘ ਦਾ ਟੁੱਟਣਾ ਅਤੇ ਵਿਸ਼ਵੀਕਰਨ ਦੇ ਫੈਲਾਅ ਨੇ ਪੰਜਾਬੀ ਕਹਾਣੀ ਨੂੰ ਇੱਕ ਨਵੇਂ ਹੀ ਜੀਵਨ ਯਥਾਰਥ ਦੇ ਸਨਮੁਖ ਲਿਆ ਖੜ੍ਹਾ ਕੀਤਾ ਹੈ। ਸੂਚਨਾ ਅਤੇ ਤਕਨਾਲੋਜੀ ਦੇ ਖੇਤਰ ਵਿਚ ਆਈ ਕ੍ਰਾਂਤੀ ਦੇ ਪ੍ਰਭਾਵ ਸਦਕਾ ਵਿਸ਼ਵ ਇੱਕ ਪਿੰਡ ਬਣਦਾ ਜਾ ਰਿਹਾ ਹੈ। ਜਿਥੇ ਮਨੁੱਖ ਆਧੁਨਿਕ ਸੁੱਖ ਸਹੂਲਤਾਂ ਨੂੰ ਮਾਣ ਰਿਹਾ ਹੈ ਉਥੇ ਇਸ ਵਰਤਾਰੇ ਦੇ ਨਕਾਰਾਤਮਕ ਪੱਖ ਵੀ ਸਨਮੁਖ ਆਉਂਦੇ ਹਨ। ਵਿਸ਼ਵੀਕਰਨ ਦੇ ਪ੍ਰਭਾਵ ਸਦਕਾ ਅਜੋਕੇ ਮਨੁੱਖ ਅੰਦਰ ਹਰੇਕ ਅਪਹੁੰਚ ਵਸਤ ਨੂੰ ਪ੍ਰਾਪਤ ਕਰਨ ਦੀ ਇੱਕ ਹੋੜ ਪੈਦਾ ਹੋ ਗਈ ਹੈ ਜਿਸ ਕਾਰਨ ਉਹ ਦੁਖਾਂਤ ਭੋਗਦਾ ਹੈ। ਅਜੋਕੀ ਪੰਜਾਬੀ ਕਹਾਣੀ ਵਿਸ਼ਵੀਕਰਨ ਦੇ ਪ੍ਰਭਾਵ ਸਦਕਾ ਪੈਦਾ ਹੋਈਆਂ ਅਮੁੱਕ ਖਾਹਿਸ਼ਾਂ ਦੀ ਅਮੁੱਕ ਤ੍ਰਿਪਤੀ ਅਤੇ ਕਾਮ ਦੀ ਅਮੁੱਕ ਭੁੱਖ ਨੂੰ ਬਿਰਤਾਂਤਦੀ ਹੈ। ਵਿਸ਼ਵੀਕਰਨ ਅਤੇ ਸ਼ਹਿਰੀਕਰਨ ਦੇ ਪ੍ਰਭਾਵ ਨੇ ਮਨੁੱਖ ਨੂੰ ਨਿੱਜ ਤੱਕ ਸੀਮਤ ਕਰ ਦਿੱਤਾ ਹੈ ਜਿਸ ਕਾਰਨ ਅਜੋਕਾ ਮਨੁੱਖ ਇਕਲਾਪੇ ਨੂੰ ਭੋਗ ਰਿਹਾ ਹੈ। ਸਾਧਾਰਨ ਮਨੁੱਖ ਦੇ ਆਰਥਿਕ ਸੰਘਰਸ਼ ਤੇ ਸਮੂਹਿਕ ਮੁਕਤੀ ਦੇ ਸੁਪਨੇ ਪੰਜਾਬੀ ਕਹਾਣੀ ਦੇ ਰਚਨਾਤਮਕ ਦਾਇਰੇ ਵਿਚੋਂ ਬਾਹਰ ਚਲੇ ਗਏ ਹਨ। ਇਸਦੀ ਬਜਾਇ ਵਿਅਕਤੀਗਤ ਖਾਹਿਸ਼ਾਂ ਤੇ ਸਭਿਆਚਾਰਕ ਬਣਤਰਾਂ ਵਿਚ ਤਣਾਓ ਦਾ ਮਸਲਾ ਕੇਂਦਰ ਵਿਚ ਆ ਗਿਆ ਹੈ। ਔਰਤ-ਮਰਦ ਸੰਬੰਧਾਂ ਵਿਚਲੀ ਤਿੜਕਣ, ਵਿਆਹ ਬਾਹਰੇ ਪ੍ਰੇਮ ਸੰਬੰਧਾਂ ਨੂੰ ਜਨਮ ਦੇ ਰਹੀ ਹੈ ਅਤੇ ਭਾਵਨਾਤਮਕ ਅਤੇ ਸਰੀਰਕ ਅਤ੍ਰਿਪਤੀ 'ਚੋਂ ਉਪਜੀ ਇਕੱਲਤਾ ਦੁਖਾਂਤ ਦਾ ਕਾਰਨ ਬਣ ਰਹੀ ਹੈ। ਅਜੋਕੀ ਪੰਜਾਬੀ ਕਹਾਣੀ ਔਰਤ ਮਰਦ ਸੰਬੰਧਾਂ ਨੂੰ ਨਵੇਂ ਜ਼ਾਵੀਏ ਤੋਂ ਬਿਰਤਾਂਤਦੀ ਹੈ। ਇਸ ਬਾਰੇ ਡਾ.ਧਨਵੰਤ ਕੌਰ ਦੇ ਵਿਚਾਰ ਗੌਲਣਯੋਗ ਹਨ:
"ਇਸ ਦੌਰ ਦੀ ਕਹਾਣੀ ਵਿਚ ਰਿਸ਼ਤਿਆਂ ਦੀ ਵਿਆਕਰਨ ਵਿਚ ਆਪਣੀ ਮਿਥੀ ਥਾਂ ਛੱਡ ਕੇ ਭਟਕਦੀ ਜ਼ਿੰਦਗੀ ਦਾ ਨਿਘਾਰ ਸਿਰਜਣਾ ਇੱਕਮਨਭਾਉਂਦਾ ਵਿਸ਼ਾ ਬਣਿਆ ਹੈ ਪਰ ਉਸ ਦੌਰ ਦੀ ਪ੍ਰਾਪਤੀ ਉਹ ਕਹਾਣੀਆਂ ਬਣੀਆਂ ਹਨ ਜਿਹੜੀਆਂ ਨਾ ਨੈਤਿਕਤਾ ਦੇ ਨਵੇਂ ਪ੍ਰਤਿਮਾਨ ਤਲਾਸ਼ਣ ਦੀਆਂ ਮੁਦਈ ਹਨ ਅਤੇ ਨਾ ਪੁਰਾਣੀ ਸਭਿਅਤਾ ਦਾ ਗੌਰਵ ਗਾਣ ਕਰਦੀਆਂ ਹਨ। ਔਰਤ ਮਰਦ ਸੰਬੰਧਾਂ ਨੂੰ ਜਿੰਨੀ ਸ਼ਿੱਦਤ ਜਿੰਨੀ ਦਿਲਚਸਪੀ ਨਾਲ ਪੰਜਾਬੀ ਕਹਾਣੀ ਨੇ ਚਿਤਰਿਆ ਹੈ ਉਹ ਆਪਣੇ ਆਪ ਵਿਚ ਇੱਕ ਪ੍ਰਾਪਤੀ ਹੈ।"[1]
ਅਜੋਕੀ ਕਹਾਣੀ ਕਿਸੇ ਇਕਹਿਰੀ ਵਿਚਾਰਧਾਰਾ ਨੂੰ ਲੈ ਕੇ ਨਹੀਂ ਚੱਲਦੀ। ਇਸ ਦੀ ਵਿਲੱਖਣਤਾ ਬਹੁਸੁਰਵਾਦੀ ਹੋਣ ਵਿਚ ਹੈ। ਇਹ ਚੇਤਨ ਨਾਲੋਂ ਅਵਚੇਤਨ ਨੂੰ ਚਿਤਰਦੀ ਹੈ। ਅਜੋਕਾ ਮੱਧਸ਼੍ਰੇਣਿਕ ਮਨੁੱਖ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਕਾਰਨਾਂ ਕਰਕੇ ਕਾਮ ਦੀ ਅਮੁੱਕ ਲਾਲਸਾ ਕਾਰਨ ਮਾਨਸਿਕ ਗੁੰਝਲਾਂ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਉਸਦੀਆਂ ਮਨੋਗੁੰਝਲਾਂ/ਮਨੋਸੰਤਾਪਾਂ/ਮਨੋਸੰਕਟਾਂ ਨੂੰ ਅਜੋਕੀ ਪੰਜਾਬੀ ਕਹਾਣੀ ਨਿੱਠ ਕੇ ਚਿਤਰ ਰਹੀ ਹੈ।

ਅਜੋਕੀ ਪੰਜਾਬੀ ਕਹਾਣੀ ਹੁਣ ਆਦਰਸ਼ ਦਾ ਪੱਲਾ ਛੱਡ ਕੇ ਘੋਰ ਮਾਨਸਿਕ ਸੰਤਾਪਾਂ ਨੂੰ ਭੋਗ ਰਹੇ ਖਲਨਾਇਕ ਦੀ ਮਾਨਸਿਕਤਾ ਨੂੰ ਵੀ ਚਿਤਰ ਰਹੀ ਹੈ। ਸਹੀ ਜਾਂ ਗਲਤ ਦੇ ਮਿਆਰ ਹੁਣ ਬਦਲ ਚੁੱਕੇ ਹਨ ਅਤੇ ਅਜੋਕੀ ਪੰਜਾਬੀ ਕਹਾਣੀ ਮਨੁੱਖ ਦੀਆਂ ਕਮੀਨਗੀਆਂ, ਬਦਸਲੂਕੀਆਂ ਅਤੇ ਬਦਮਾਸ਼ੀਆਂ ਨੂੰ ਚਿਤਰ ਕੇ ਇਸ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਤੱਤਾਂ ਨੂੰ ਉਘਾੜਨ ਦੀ ਕੋਸ਼ਿਸ਼ ਕਰ ਰਹੀ ਹੈ। ਅਜੋਕੀ ਪੰਜਾਬੀ ਕਹਾਣੀ ਵਿਚ ਔਰਤ ਦਾ ਇੱਕ ਵਿਲੱਖਣ ਬਿੰਬ ਉਭਰਕੇ ਸਾਹਮਣੇ ਆਉਂਦਾ ਹੈ ਜੋ ਮਰਦ ਨੂੰ ਭੋਗਣ ਅਤੇ ਛੱਡ ਦੇਣ ਦੀ ਪ੍ਰਵਿਰਤੀ ਦਾ ਧਾਰਨੀ ਹੈ। ਇਸ ਪ੍ਰਕਾਰ ਦੀ ਔਰਤ ਦਾ ਬਿੰਬ ਵੀਨਾ ਵਰਮਾ ਦੀਆਂ ਕਹਾਣੀਆਂ ਵਿਚੋਂ ਉਭਰਦਾ ਹੈ। ਉਸ ਦੀ ਕਹਾਣੀ 'ਤੂੰ ਕੌਣ ਹੈਂ' ਵਿਚਲੀ ਔਰਤ ਵਿਆਹ ਬਾਹਰੇ ਪ੍ਰੇਮ-ਸੰਬੰਧ ਬਣਾਉਂਦੀ ਹੈ। ਆਪਣੇ ਪ੍ਰੇਮੀ ਨੂੰ ਭੋਗਦੀ ਹੈ ਅਤੇ ਛੱਡ ਦਿੰਦੀ ਹੈ। ਇਸ ਸਮੇਂ ਔਰਤ ਦੀਆਂ ਕਾਮੁਕ ਇੱਛਾਵਾਂ ਦੀ ਪੇਸ਼ਕਾਰੀ ਉਭਰਵੀਂ ਅਤੇ ਉੱਚੀ ਸੁਰ ਵਿਚ ਹੋਈ ਮਿਲਦੀ ਹੈ। ਜਤਿੰਦਰ ਸਿੰਘ ਹਾਂਸ ਦੀ ਕਹਾਣੀ 'ਨੰਗੇਜ਼' ਵਿਚ ਹਰਬੰਸ ਕੌਰ ਆਪਣੇ ਕਾਮੁਕ ਸੰਬੰਧਾਂ ਦੀ ਨਿਆਂਸ਼ੀਲਤਾ ਨੂੰ ਦਰਸਾਉਣ ਲਈ ਕਹਿੰਦੀ ਹੈ:

> "ਆਬਦੇ ਮੁੰਡੇ ਨੂੰ ਪੁੱਛ ਉਸਨੂੰ ਰੱਜਵੀਂ ਰੋਟੀ ਮਿਲਦੀ ਆ ਜਾਂ ਨਹੀਂ ਬਾਕੀ ਦੀਆਂ ਬਚਦੀਆਂ ਕਾਵਾਂ ਨੂੰ ਪਾਵਾਂ ਚਾਹੇ ਕੁੱਤਿਆਂ ਨੂੰ। "[2]

ਅਜੋਕੀ ਕਹਾਣੀ ਕਿੰਨਰਾਂ ਦੀਆਂ ਸਮੱਸਿਆਵਾਂ ਦੀ ਵੀ ਪੇਸ਼ਕਾਰੀ ਕਰਦੀ ਹੈ। 'ਘੁੰਗਰੂ ਕਥਾ' (ਜਸਵੀਰ ਰਾਣਾ) ਅਤੇ 'ਜੀਣ-ਜੋਗਾ' (ਗੁਰਸੇਵਕ ਸਿੰਘ ਪ੍ਰੀਤ) ਇਸ ਪ੍ਰਸੰਗ ਵਿਚ ਵਾਚਣ-ਯੋਗਕਹਾਣੀਆਂ ਹਨ। ਗੁਰਸੇਵਕ ਸਿੰਘ ਪ੍ਰੀਤ ਦੀ ਕਹਾਣੀ 'ਜੀਣ-ਜੋਗਾ' ਵਿਚਲਾ ਪਾਤਰ ਇੰਦਰ ਸਿੰਘ ਆਪਣੇ ਮੁੰਡੇ ਸ਼ਿੰਦੇ ਦੇ ਖੁਸਰੇ ਹੋਣ ਦੀ ਨਮੋਸ਼ੀ ਕਾਰਨ ਇਹ ਸੱਚ ਕਿਸੇ ਨੂੰ ਨਹੀਂ ਦੱਸਦਾ। ਉਸਨੂੰ ਉਹ ਸਾਰੇ ਕੰਮ ਕਰਨ ਲਈ ਹੱਲਾਸ਼ੇਰੀ ਦਿੰਦਾ ਹੈ ਜੋ ਵਿਗੜੇ ਹੋਏ ਮੁੰਡੇ ਕਰਦੇ ਹਨ। ਇੱਥੋਂ ਤੱਕ ਕਿ ਸ਼ਿੰਦਾ ਬਲਾਤਕਾਰ ਕਰਨ ਦੀ ਕੋਸ਼ਿਸ਼ ਦਾ ਦੋਸ਼ ਵੀ ਕਬੂਲ ਲੈਂਦਾ ਹੈ। ਮਾਨਸਿਕ ਗੁੰਝਲਾਂ ਵਿਚ ਫਸਿਆ ਸ਼ਿੰਦਾ ਨਹਿਰ ਵਿਚ ਛਾਲ ਮਾਰ ਕੇ ਮਰ ਜਾਂਦਾ ਹੈ। ਉਸ ਦੀ ਲਾਸ਼ ਮੱਛੀਆਂ ਖਾਂ ਜਾਂਦੀਆਂ ਹਨ ਅਤੇ ਉਸਦਾ ਪਿੰਜਰ ਹੀ ਮਿਲਦਾ ਹੈ। ਇੰਦਰ ਸਿੰਘ ਨੂੰ ਇਹ ਗੱਲ ਸੰਤੁਸ਼ਟੀ ਦਿੰਦੀ ਹੈ ਕਿ ਸ਼ਿੰਦਾ ਉਸਨੂੰ ਮਰਕੇ ਵੀ ਜਿਊਣ ਜੋਗਾ ਕਰ ਗਿਆ ਸੀ। ਇਹਨਾਂ ਸਰੋਕਾਰਾਂ ਤੋਂ ਛੁੱਟ ਅਜੋਕੀ ਪੰਜਾਬੀ ਕਹਾਣੀ ਜਾਤੀ-ਜਮਾਤੀ ਵਿਤਕਰੇ, ਛੋਟੀ ਕਿਸਾਨੀ ਦੇ ਜੀਵਨ-ਯਥਾਰਥ, ਮੱਧਵਰਗੀ ਸ਼ਹਿਰੀ ਪਰਿਵਾਰ ਦੇ ਦੁਖਾਂਤ, ਪਰਵਾਸੀ ਸਰੋਕਾਰਾਂ, ਬਜ਼ੁਰਗਾਂ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ, ਲੈਸਬੀਅਨਾਂ ਅਤੇ ਗੇਅ ਦੇ ਜੀਵਨ ਯਥਾਰਥ ਨੂੰ ਬਹੁਕੋਣਾਂ ਤੋਂ ਨਿੱਠ ਕੇ ਚਿਤਰਦੀ ਹੈ।

ਅਜੋਕੀ ਪੰਜਾਬੀ ਕਹਾਣੀ ਦੇ ਸੰਦਰਭ ਵਿਚ ਅਮਨ ਗਿੱਲ ਦੀ ਕਹਾਣੀ ਦੇ ਕਲਾ-ਪੱਖ ਨੂੰ ਪੜਚੋਲਣ ਤੋਂ ਪਹਿਲਾਂ ਅਜੋਕੀ ਪੰਜਾਬੀ ਕਹਾਣੀ ਵਿਚ ਚੱਲ ਰਹੇ ਕਲਾਤਮਕ ਰੁਝਾਨਾਂ ਤੇ ਕਲਾਤਮਕ ਜੁਗਤਾਂ ਉੱਪਰ ਝਾਤ ਮਾਰਨੀ ਲਾਜ਼ਮੀ ਹੈ। ਅਜੋਕੀ ਪੰਜਾਬੀ ਕਹਾਣੀ ਵਿਚ ਜਿੰਦਰ, ਸੁਖਜੀਤ, ਜਸਵਿੰਦਰ ਸਿੰਘ, ਬਲਵਿੰਦਰ ਗਰੇਵਾਲ, ਅਜਮੇਰ ਸਿੱਧੂ, ਦੇਸਰਾਜ ਕਾਲੀ, ਭਗਵੰਤ ਰਸੂਲਪੁਰੀ, ਬਲਜਿੰਦਰ ਨਸਰਾਲੀ, ਜਤਿੰਦਰ ਸਿੰਘ ਹਾਂਸ, ਕੇਸਰਾ ਰਾਮ, ਵੀਨਾ ਵਰਮਾ ਅਤੇ ਅਮਨ ਗਿੱਲ ਆਪਣੀਆਂ ਨਿਵੇਕਲੀਆਂ ਕਲਾ-ਜੁਗਤਾਂ ਦੀ ਪੇਸ਼ਕਾਰੀ ਸਦਕਾ ਵਿਲੱਖਣ ਸਥਾਨ ਰੱਖਦੇ ਹਨ। ਇਹਨਾਂ ਕਹਾਣੀਕਾਰਾਂ ਦੁਆਰਾ ਵਰਤੀਆਂ ਗਈਆਂ ਨਵੀਨ ਕਲਾ-ਜੁਗਤਾਂ ਸਦਕਾ ਹੀ ਅਜੋਕੀ ਪੰਜਾਬੀ ਕਹਾਣੀ ਆਪਣੇ ਪਿਛਲੇ ਕਾਲ ਨਾਲੋਂ ਵਿੱਥ ਥਾਪਦੀ ਹੈ। ਅਜੋਕੀ ਪੰਜਾਬੀ ਕਹਾਣੀ ਰੂਪਾਕਾਰਕ ਰੂਪਾਂਤਰਣ ਵਿਚੋਂ ਗੁਜ਼ਰ ਰਹੀ ਹੈ। ਸਮਕਾਲੀ ਸਥਿਤੀਆਂ ਦੇ ਸਨਮੁਖ ਬਦਲ ਰਹੇ ਵਸਤੂ-ਯਥਾਰਥ, ਬਦਲ ਰਹੇ ਜੀਵਨ-ਬੋਧ ਅਤੇ ਵਧ ਰਹੀਆਂ ਮਨੁੱਖੀ ਲਾਲਸਾਵਾਂ ਨੇ ਅਜੋਕੀ ਪੰਜਾਬੀ ਕਹਾਣੀ ਨੂੰ ਵੀ ਪ੍ਰਭਾਵਿਤ ਕੀਤਾ ਹੈ ਜਿਸ ਦਾ ਸਿੱਟਾ ਇਸਦੇ ਰੂਪਾਕਾਰ ਵਿਚ ਹੋ ਰਹੇ ਪਰਿਵਰਤਨ ਵਿਚੋਂ ਭਲੀਭਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ। ਸੂਚਨਾ ਤੇ ਤਕਨਾਲੋਜੀ ਦੇ ਖੇਤਰ ਵਿਚ ਆਈ ਕ੍ਰਾਂਤੀ ਅਜੋਕੇ ਮਨੁੱਖ 'ਤੇ ਬਹੁਤ ਅਸਰ-ਅੰਦਾਜ਼ ਹੋਈ ਹੈ। ਅਜੋਕੇ ਗੁੰਝਲ ਜੀਵਨਯਥਾਰਥ, ਮਨੋਸੰਤਾਪਾਂ ਅਤੇ ਮਨੋਗੁੰਝਲਾਂ ਦੀ ਅਭਿਵਿਅਕਤੀ ਲਈ ਅਜੋਕੀ ਪੰਜਾਬੀ ਕਹਾਣੀ ਵੀ ਜਟਿਲ ਰੂਪ ਅਖਤਿਆਰ ਕਰ ਰਹੀ ਹੈ। ਕਹਾਣੀ ਦਾ ਵਾਪਰਨ ਸਥਲ ਪਾਤਰ ਦਾ ਮਾਨਸਿਕ ਚਿਤਰਪਟ ਬਣ ਗਿਆ ਹੈ ਅਤੇ ਉਸਦੀ ਮਾਨਸਿਕਤਾ ਨੂੰ ਚਿਤਰਣ ਲਈ ਕਹਾਣੀਕਾਰ ਅਨੇਕਾਂ ਜੁਗਤਾਂ, ਤਕਨੀਕਾਂ ਅਤੇ ਵਿਧੀਆਂ ਦੀ ਵਰਤੋਂ ਕਰਦਾ ਹੈ। ਪਾਤਰਾਂ ਦੀ ਮਨੋਸਥਿਤੀ ਦੀ ਅਭਿਵਿਅਕਤੀ ਲਈ ਹੁਣ ਇਲੈਕਟਰੋਨਿਕ ਵਸਤਾਂ ਜਿਵੇਂ ਕੰਪਿਊਟਰ, ਪ੍ਰਿੰਟਰ ਅਤੇ ਟੈਲੀਵਿਜ਼ਨ ਨੂੰ ਜੁਗਤ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ। ਅਜਮੇਰ ਸਿੱਧੂ ਦੀ ਕਹਾਣੀ 'ਖੂਹ ਗਿੜਦਾ ਹੈ' ਦਾ ਪਾਤਰ ਯੁੱਧਵੀਰ ਕੰਪਿਊਟਰ ਸਕਰੀਨ 'ਤੇ ਪਿਤਾ ਦਾ ਚਿਹਰਾ ਲਿਆ ਕੇ ਰੇਅਜ਼ ਅਟੈਕ ਕਰਦਾ ਹੈ ਅਤੇ ਮਾਨਸਿਕ ਸੰਤੁਸ਼ਟੀ ਵੀ ਪ੍ਰਾਪਤ ਕਰਦਾ ਹੈ। ਇਹ ਕੰਪਿਊਟਰ ਗੇਮਿੰਗ ਤੋਂ ਪ੍ਰੇਰਿਤ ਜੁਗਤ ਹੈ। ਭਗਵੰਤ ਰਸੂਲਪੁਰੀ ਦੀ ਕਹਾਣੀ 'ਤੀਜਾ ਨੇਤਰ' ਵਿਚ ਘਰ ਦੇ ਟੁੱਟਣ ਦਾ ਬਿਆਨ ਪ੍ਰਿੰਟਰ ਰਾਹੀਂ ਕੀਤਾ ਗਿਆ ਹੈ:

"ਸ਼ੇਖਰ ਕਿੰਨੀ ਚੰਗੀ ਡਿਜ਼ਾਇਨਿੰਗ ਕਰ ਲੈਂਦਾ ਸੀ। ਉਸਨੇ ਕਿੰਨੇ ਸੁੰਦਰ ਪਹਾੜ ਬਣਾਏ ਸਨ...ਉਹਨਾਂ ਦੇ ਪੈਰਾਂ 'ਚ ਵਹਿ ਰਿਹਾ ਪਾਣੀ ਵੀ ਦਿਸਦਾ ਸੀ... ਪੱਥਰ ਵੀ ਸਨ... ਦਰਖਤ ਵੀ ਦਿਸਦਾ ਸੀ... ਝੌਂਪੜੀ ਦੇ ਨਜ਼ਦੀਕ ਫੁੱਲ ਵੀ ਸਨ... ਮੈਂ ਇਸ ਡਿਜ਼ਾਇਨ ਦਾ ਪ੍ਰਿੰਟ ਕੱਢਣਾ ਚਾਹੁੰਦੀ ਸੀ... ਜਦੋਂ ਪ੍ਰਿੰਟ ਬਾਹਰ ਨਿਕਲਿਆ ਤਾਂ ਮੈਂ ਸਾਰੇ ਡਿਜ਼ਾਇਨ ਦਾ ਪ੍ਰਿੰਟ ਦੇਖ ਕੇ ਦੰਗ ਰਹਿ ਗਈ ਸੀ... ਪਰ ਝੌਂਪੜੀ ਵਾਲੇ ਘਰ ਦੀਆਂ ਲਾਇਨਾਂ ਏਧਰ ਓਧਰ ਹੋ ਗਈਆਂ ਸਨ... ਸਾਰੀ ਝੌਂਪੜੀ ਟੁੱਟ ਗਈ ਸੀ... ਜੋ ਸ਼ੇਖਰ ਨੇ 'ਮੁਹੱਬਤ ਨਿਵਾਸ' ਲਿਖਿਆ ਸੀ ਉਹ ਤਾਂ ਪਤਾ ਨਹੀਂ ਕਿਥੇ ਉਡ ਗਿਆ ਸੀ। ਫੁੱਲ ਵੀ ਖਿੰਡ ਗਏ ਸਨ... ਉਹ ਸਭ ਕੁਝ ਕਿਵੇਂ ਹੋ ਗਿਆ ਸੀ... ਪਰ ਮੇਰਾ ਤੇ ਸ਼ੇਖਰ ਦਾ ਨਾਂ ਉਂਝ ਦੇ ਉਂਝ ਹੀ ਸਨ... ਫੁੱਲ ਵੀ ਖਿਲਰੇ ਹੋਏ ਸਨ।"[3]

"ਕਹਾਣੀ ਦਾ ਕਮਾਲ ਉਨਾ ਅਨੁਭਵ ਦੀ ਨਵੀਨਤਾ, ਵਿਲੱਖਣਤਾ, ਅਦਭੁਤਤਾ ਜਾਂ ਮੌਲਿਕਤਾ ਵਿਚ ਨਹੀਂ ਜਿੰਨਾ ਪਛਾਤੇ ਨੂੰ ਅਣਪਛਾਤੇ ਬਿਰਤਾਂਤ ਵਿਚ ਬੰਨ੍ਹਣ ਵਿਚ ਹੈ। ਸੱਚ ਤਾਂ ਇਹ ਹੈ ਕਿ ਪਿਛਲੇ ਸਮੇਂ ਵਿਚ ਕਹਾਣੀਕਾਰਾਂ ਲਈ ਕਹਾਣੀ 'ਕੀ ਸੰਚਾਰ ਰਹੀ ਹੈ?" ਨਾਲੋਂ ਕਹਾਣੀ 'ਕਿਵੇਂਸੰਚਾਰ ਰਹੀ ਹੈ?' ਦਾ ਮੁੱਦਾ ਜ਼ਿਆਦਾ ਅਹਿਮੀਅਤ ਗ੍ਰਹਿਣ ਕਰ ਗਿਆ ਹੈ। ਸੱਚ ਤਾਂ ਇਹ ਵੀ ਹੈ ਕਿ ਹੁਣ ਕਹਾਣੀ ਤਕਨੀਕ ਰਾਹੀਂ ਜ਼ਿੰਦਗੀ ਦਾ ਅਰਥ ਪ੍ਰਤੱਖਣ ਤੇ ਸੰਚਾਰਨ ਦਾ ਯਤਨ ਕਰਦੀ ਹੈ । "[4]

ਅਜੋਕੀ ਕਹਾਣੀ ਉੱਤਮ-ਪੁਰਖੀ ਬਿਰਤਾਂਤਕਾਰ ਦੀ ਵਿਧੀ ਨੂੰ ਵਧੇਰੇ ਵਰਤਦੀ ਹੈ। ਅਜੋਕੇ ਮਨੁੱਖ ਦੇ ਮਾਨਸਿਕ ਚਿਤਰਪਟ ਦੀ ਅਭਿਵਿਅਕਤੀ

ਲਈ ਇਹ ਵਿਧੀ ਵਧੇਰੇ ਲੋਕਪ੍ਰਿਯ ਹੋ ਰਹੀ ਹੈ। ਅਜੋਕੇ ਮਨੁੱਖ ਦੀਆਂ ਮਾਨਸਿਕ ਗੁੰਝਲਾਂ ਦੀ ਪੇਸ਼ਕਾਰੀ ਲਈ ਮਨੋਬਚਨੀਆਂ, ਯਾਦਾਂ, ਸੁਫ਼ਨਿਆਂ, ਚਿੱਠੀ, ਡਾਇਰੀ ਆਦਿ ਜੁਗਤਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਸਮਕਾਲੀ ਜਟਿਲ ਪਰਿਸਥਿਤੀਆਂ ਦੇ ਸਨਮੁਖ ਕਹਾਣੀਕਾਰ ਕੋਲ ਇਹਨਾਂ ਪਰਿਸਥਿਤੀਆਂ ਨਾਲ ਜੂਝਣ ਲਈ ਕੋਈ ਠੋਸ ਆਧਾਰ ਨਹੀਂ ਹੈ।ਇਸ ਲਈ ਅਜੋਕੀ ਕਹਾਣੀ ਖੁੱਲ੍ਹੇ ਅੰਤ ਵਾਲੀ ਬਿਰਤੀ ਅਪਣਾ ਰਹੀ ਹੈ। ਇਹ ਕਹਾਣੀ ਕੋਈ ਸੁਝਾਅ ਨਹੀਂ ਦਿੰਦੀ ਸਗੋਂ ਅਨੇਕਾਂ ਜੁਗਤਾਂ ਦੁਆਰਾ ਪਰਿਸਥਿਤੀਆਂ ਦਾ ਚਿਤਰਣ ਕਰਦੀ ਹੈ। ਕਹਾਣੀ ਦੇ ਰੂਪਾਕਾਰ ਵਿਚ ਆਈ ਇਸ ਤਰ੍ਹਾਂ ਦੀ ਤਬਦੀਲੀ ਕਹਾਣੀਕਾਰ ਦੀ ਆਪਣੀ ਇੱਛਾ ਅਨੁਸਾਰ ਨਹੀਂ ਹੈ ਸਗੋਂ ਇਹ ਸਮਕਾਲੀ ਪਰਿਸਥਿਤੀਆਂ ਦੀ ਉਪਜ ਹੈ। ਕਹਾਣੀ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਤਣਾਅ ਬਣਿਆ ਰਹਿੰਦਾ ਹੈ ਅਤੇ ਕਹਾਣੀ ਡੂੰਘੇ ਅਸੰਤੁਲਨ ਨਾਲ ਖਤਮ ਹੁੰਦੀ ਹੈ। ਇਸ ਦੌਰ ਦੀਆਂ ਪ੍ਰਮੁੱਖ ਕਹਾਣੀਆਂ 'ਖੂਹ ਖਾਤੇ' (ਜਸਵਿੰਦਰ ਸਿੰਘ), 'ਦਹਿਸ਼ਤਗਰਦ (ਬਲਦੇਵ ਸਿੰਘ ਧਾਲੀਵਾਲ), 'ਹੱਡਾ ਰੋੜੀ" (ਬਲਜਿੰਦਰ ਨਸਰਾਲੀ), ਸਤਾਈ ਮੀਲ (ਸੁਖਜੀਤ), 'ਦ ਸਵੋਰਡ ਆਫ਼ ਬੰਦਾ ਬਹਾਦਰ (ਅਜਮੇਰ ਸਿੱਧੂ), 'ਕਤਲ' (ਜਿੰਦਰ), 'ਰੂਮ-ਮੇਟ' (ਵੀਨਾ ਵਰਮਾ) ਆਦਿ ਖੁੱਲ੍ਹੇ ਅੰਤ ਵਾਲੀਆਂ ਹਨ।

ਅਜੋਕੀ ਪੰਜਾਬੀ ਕਹਾਣੀ ਇਕੱਲਤਾ, ਨਿੱਜਤਾ ਤੇ ਅਲੱਗ-ਥਲੱਗ ਹੋਣ ਦਾ ਸੰਤਾਪ ਭੋਗ ਰਹੇ ਮਨੁੱਖ ਨੂੰ ਚਿਤਰਦੀ ਹੈ। ਇਸ ਸੰਬੰਧੀ ਅਨੇਕਾਂ ਹੀ ਬਿਰਤਾਂਤ ਅਜੋਕੀ ਪੰਜਾਬੀ ਕਹਾਣੀ ਵਿਚ ਮਿਲ ਜਾਂਦੇ ਹਨ। ਅਜੋਕਾ ਮਨੁੱਖ ਸਮਕਾਲੀ ਜਟਿਲ ਪਰਿਸਥਿਤੀਆਂ ਦੇ ਸਨਮੁਖ ਖੜ੍ਹਾ ਆਪਣੇ ਆਪ ਨੂੰ ਲਾਚਾਰ ਤੇ ਬੇਵਸ ਮਹਿਸੂਸ ਕਰਦਾ ਹੈ। ਮਨੁੱਖ ਦੀ ਇਸ ਤਰ੍ਹਾਂ ਦੀ ਸਥਿਤੀ ਦਾ ਕਲਾਤਮਕ ਪ੍ਰਗਟਾਵਾ ਅਮਨ ਗਿੱਲ ਦੀ ਕਹਾਣੀ 'ਸਿਸੀਫ਼ਸ ਤੇ ਵਿਚਕਾਰਲਾ ਪਲ' ਅਤੇਭਗਵੰਤ ਰਸੂਲਪੁਰੀ ਦੀ ਕਹਾਣੀ 'ਖੋਜ' ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਅਮਨ ਗਿੱਲ ਦੀ ਕਹਾਣੀ 'ਸਿਸੀਫ਼ਸ ਤੇ ਵਿਚਕਾਰਲਾ ਪਲ' ਵਿਚ ਸਿਸੀਫ਼ਸ ਦੀ ਮਿੱਥ ਦੀ ਵਰਤੋਂ ਦੁਆਰਾ ਕਹਾਣੀ ਨੂੰ ਕਲਾਤਮਕ ਛੋਹਾਂ ਪ੍ਰਦਾਨ ਕੀਤੀਆਂ ਗਈਆਂ ਹਨ ਅਤੇ ਮਨੁੱਖ ਦੀ ਇਕੱਲਤਾ ਤੇ ਨਿੱਜਤਾ 'ਚੋਂ ਉਪਜੇ ਅਕਾਅ, ਨਿਰਾਸ਼ਾ ਤੇ ਸੰਤਾਪ ਨੂੰ ਬਿਰਤਾਂਤਿਆ ਗਿਆ ਹੈ।

ਅਜੋਕੀ ਪੰਜਾਬੀ ਕਹਾਣੀ ਵਿਚ ਮਿੱਥ ਦੇ ਰੂਪਾਂਤਰਣ ਦਾ ਰੁਝਾਨ ਵੱਧ ਰਿਹਾ ਹੈ। ਮਿੱਥ ਨੂੰਸਮਕਾਲੀ ਪਰਿਸਥਿਤੀਆਂ ਦੇ ਰੂਪਾਂਤਰਣ ਲਈ ਵਰਤਣਾ ਬਹੁਤ ਹੀ ਕਠਿਨ ਅਤੇ ਗੁੰਝਲਦਾਰ ਕਾਰਜ ਹੈ ਜਿਸ ਲਈ ਬਹੁਤ ਹੀ ਕਲਾਤਮਕ ਸੂਝ ਦੀ ਲੋੜ ਹੈ। 'ਨਚੀਕੇਤਾ ਦੀ ਮੌਤ' (ਅਜਮੇਰ ਸਿੱਧੂ), 'ਅਹੱਲਿਆ' (ਸੁਖਜੀਤ), 'ਸਿਸੀਫ਼ਸ ਅਤੇ ਵਿਚਕਾਰਲਾ ਪਲ' (ਅਮਨ ਗਿੱਲ), 'ਅਗਨ ਕਥਾ ਜਾਰੀ ਹੈ' (ਗੁਰਸੇਵਕ ਸਿੰਘ ਪ੍ਰੀਤ) ਆਦਿ ਇਸ ਪ੍ਰਸੰਗ ਵਿਚ ਗੌਲਣਯੋਗ ਕਹਾਣੀਆਂ ਹਨ। 'ਸਿਸੀਫ਼ਸ ਅਤੇ ਵਿਚਕਾਰਲਾ ਪਲ'ਕਹਾਣੀ ਵਿਚ ਜ਼ਿੰਦਗੀ ਵਿਚ ਖੁਸ਼ੀ ਦੇ ਪਲਾਂ ਦੀ ਥੋੜ੍ਹ-ਚਿਰਤਾ ਅਤੇ ਦੁੱਖ ਦੇ ਪਲਾਂ ਦੀ ਬਹੁਲਤਾ ਨੂੰ ਦਰਸਾਉਣ ਲਈ ਯੂਨਾਨੀ ਨਾਇਕ ਸਿਸੀਫ਼ਸ ਦੀ ਮਿੱਥ ਦੀ ਵਰਤੋਂ ਕੀਤੀ ਗਈ ਹੈ। ਇਸ ਕਹਾਣੀ ਦੀ ਵੱਖਰਤਾ ਪਹਿਲੀ ਵਾਰ ਕਿਸੇ ਯੂਨਾਨੀ ਮਿੱਥ ਦੇ ਕਲਾਤਮਕ ਪ੍ਰਗਟਾਵੇ ਵਿਚ ਨਿਹਿਤ ਹੈ। 'ਅਗਨ ਕਥਾ ਜਾਰੀ ਹੈ' ਕਹਾਣੀ ਵਿਚਲੀ ਇਸਤਰੀ ਪਾਤਰ ਕਾਮ ਦੀ ਅਤ੍ਰਿਪਤੀ ਕਾਰਨ ਆਪਣੇ ਆਪ ਨੂੰ ਅੱਗ ਲਗਾ ਲੈਂਦੀ ਹੈ ਅਤੇ ਉਸ ਦੀ ਮਾਨਸਿਕਤਾ ਦੇ ਪ੍ਰਗਟਾਵੇ ਲਈ ਸੀਤਾ, ਦਰੋਪਦੀ, ਅਹੱਲਿਆ, ਲੂਣਾ ਆਦਿ ਮਿਥਿਹਾਸਕ ਇਸਤਰੀ ਪਾਤਰਾਂ ਨੂੰ ਵਰਤਿਆ ਗਿਆ ਹੈ।

ਅਜੋਕੀ ਪੰਜਾਬੀ ਕਹਾਣੀ ਵਿਚ ਭਾਸ਼ਾ ਵੀ ਰੂਪਾਂਤਰਣ ਦੀ ਪ੍ਰਕਿਰਿਆ ਵਿਚੋਂ ਗੁਜ਼ਰ ਰਹੀ ਹੈ। ਤਕਨੀਕੀ ਸ਼ਬਦਾਵਲੀ ਦੀ ਵਰਤੋਂ ਵਧੇਰੇ ਹੋਣ ਲੱਗ ਪਈ ਹੈ। ਅਜੋਕੀ ਕਹਾਣੀ ਵਿਚ ਹੁਣ ਟੈਲੀਵਿਜ਼ਨ, ਕੰਪਿਊਟਰ, ਪ੍ਰਿੰਟਰ ਆਦਿ ਤਕਨੀਕੀ ਸ਼ਬਦਾਵਲੀ ਆਮ ਵਰਤੀ ਜਾ ਰਹੀ ਹੈ। ਮੀਡੀਏ ਦੇ ਪ੍ਰਭਾਵ ਹੇਠ ਬਲਦੇਵ ਸਿੰਘ ਧਾਲੀਵਾਲ ਦੀ ਕਹਾਣੀ 'ਮਸਾਜ਼' ਵਿਚ ਫ਼ਿਲਮੀ ਸ਼ਬਦਾਵਲੀ ਅਤੇ ਫ਼ਿਲਮੀ ਗੀਤਾਂ ਦੀ ਵਰਤੋਂ ਕੀਤੀ ਗਈ ਹੈ। ਕਹਾਣੀ ਦਾ ਪਾਤਰ ਓਮ ਪ੍ਰਕਾਸ਼ ਫ਼ਿਲਮੀ ਮਿਜਾਜ਼ ਦਾ ਵਿਅਕਤੀ ਹੈ ਅਤੇ ਆਪਣੀ ਪਤਨੀ ਨੂੰ 'ਪਰਵੀਨ ਬਾਬੀ' ਕਹਿ ਕੇ ਬੁਲਾਉਂਦਾ ਹੈ। ਅਸੱਭਿਆ ਅਤੇ ਅਸ਼ਲੀਲ ਸਮਝੀ ਜਾਂਦੀ ਭਾਸ਼ਾ ਦੀ ਵਰਤੋਂ ਵਿਸ਼ੇ ਦੀ ਲੋੜ ਅਨੁਸਾਰ ਕੀਤੀ ਜਾ ਰਹੀ ਹੈ। ਸੁਖਜੀਤ ਦੀ ਕਹਾਣੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ' ਵਿਚ ਇਸ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ।ਅਜੋਕੀ ਪੰਜਾਬੀ ਕਹਾਣੀ ਵਿਚ ਸਮੇਂ ਨੂੰ ਇੱਕ ਸੂਤਰਧਾਰ ਦੇ ਰੂਪ ਵਿਚ ਵਰਤਿਆ ਗਿਆ ਹੈ। ਗੁਰਸੇਵਕ ਸਿੰਘ ਪ੍ਰੀਤ ਦੀ ਕਹਾਣੀ 'ਜੀਣ-ਜੋਗਾ' ਵਿਚ ਇਸ ਜੁਗਤ ਦੀ ਵਰਤੋਂ ਕੀਤੀ ਗਈ ਹੈ ਜੋ 'ਮਹਾਂਭਾਰਤ' ਦੇ ਸੀਰੀਅਲ ਦੇ ਸੂਤਰਧਾਰ ਤੋਂ ਪ੍ਰਭਾਵਿਤ ਹੈ। ਉਹ ਸੀਰੀਅਲ ਦੇ ਵੱਖ-ਵੱਖ ਕਾਂਡਾਂ ਦੇ ਸ਼ੁਰੂ ਵਿਚ 'ਮੈਂ ਸਮੇਂ ਹੂੰ'ਵਾਕ ਦੁਹਰਾਉਂਦਾ ਰਹਿੰਦਾ ਹੈ। 'ਜੀਣ ਜੋਗਾ' ਕਹਾਣੀ ਵਿਚ ਸੂਤਰਧਾਰ ਦੀ ਪੇਸ਼ਕਾਰੀ ਇਸ ਪ੍ਰਕਾਰ ਕੀਤੀ ਗਈ ਹੈ:

> "ਬੰਧੂ ਮੈਂ ਵਕਤ ਬੋਲ ਰਹਾਂ ਹੂੰ। ਸਰਬਗਿਆਤਾ ਸਰਬਸ਼ਕਤੀਮਾਨ ਸਰਬਵਿਆਪਕ। ਪਰ ਬੰਧੂ ਆਜ ਕਲ ਖੁਦ ਹੀ 'ਵਕਤ ਮੇ ਪੜਾ ਹੂਆ ਹੂੰ... ਤਬੀ ਤੋ ਆਪ ਜੀ ਕੇ ਸਾਥ ਅਪਣੀ ਬਾਤ ਕਰ ਰਹਾ ਹੂੰ... ਹਾ ਹਾ... ਜਬ ਮੈਂ ਆਪਕੋ ਸਾਰੀ ਬਾਤ ਬਤਾ ਦੂੰਗਾ ਤੋ ਆਪ ਜੀ ਅਵੱਸ਼ ਮੇਰਾ ਦੁਖ ਸਮਝ ਜਾਓਗੇ... ਅਬ ਬੰਧੂ ਉਧਰ ਦੇਖੋ ।"[5]

ਅਜੋਕੀ ਪੰਜਾਬੀ ਕਹਾਣੀ ਟੀ.ਵੀ. ਤੇ ਫ਼ਿਲਮਕਾਰੀ ਤੋਂ ਪ੍ਰਭਾਵਿਤ ਹੋ ਰਹੀ ਹੈ। ਹੁਣ ਕਹਾਣੀ ਨਿਰੋਲ ਸੁਣਾਉਣ ਦੀ ਵਿਧਾ ਹੀ ਨਹੀਂ ਰਹੀ ਸਗੋਂ ਵਿਖਾਉਣ ਵਾਲੀਆਂ ਤਕਨਾਲੋਜੀਕਲ ਜੁਗਤਾਂ ਨੂੰ ਵੀ ਅਪਣਾ ਰਹੀ ਹੈ। ਹੁਣ ਕਹਾਣੀ ਵਿਚ ਅਲੱਗ-ਅਲੱਗ ਤਰ੍ਹਾਂ ਦੇ ਵਿਚਾਰ, ਪ੍ਰਵਚਨ ਜਾਂ ਵਰਤਾਰੇ ਇਕੱਠੇ ਹੀ ਨਹੀਂ ਚਲਦੇ ਸਗੋਂ ਇੱਕ ਦੂਜੇ ਵਿਚ ਰਲਗੱਡ ਵੀ ਹੋ ਰਹੇ ਹਨ। ਇਸ ਤਰ੍ਹਾਂ ਦੀ ਜੁਗਤ ਨੂੰ ਨੇੜੇ-ਨੇੜੇ ਰੱਖਣ (Juxtaposing) ਕਿਹਾ ਜਾਂਦਾ ਹੈ ਇਸ ਪ੍ਰਸੰਗ ਵਿਚ ਭਗਵੰਤ ਰਸੂਲਪੁਰੀ ਦੀ ਕਹਾਣੀ 'ਖੋਜ' ਤੇ ਦੇਸ ਰਾਜ ਕਾਲੀ ਦੀ ਕਹਾਣੀ 'ਮਾਇਆ' ਵਾਚੀਆਂ ਜਾ ਸਕਦੀਆਂ ਹਨ। ਇਸ ਪ੍ਰਸੰਗ ਵਿਚ 'ਮਾਇਆ' ਦੀ ਉਦਾਹਰਣ ਵਿਚਾਰਨਯੋਗ ਹੈ:

> "ਓਏ ਆਜਾ ਆਜਾ ਵੱਡਿਆ ਸ਼ਾਇਰਾ!" ਦੋਸਤ ਦੇ ਕਲਾਵੇ 'ਚ ਨਿੱਘ ਐ।
> "ਯਾਰ ਤੈਨੂੰ ਮੈਂ ਸ਼ਾਇਰ ਨਹੀਂ ਲੱਗਦਾ?
> ਲੈ ਸੁਣ ਫੇ... । "

ਕੁੜੀਆਂ ਵਾਈਟ ਗਲਵਜ਼ ਪਹਿਨ ਚੰਡੀਗੜ੍ਹ ਦੀ ਤੇਜ਼ ਜ਼ਿੰਦਗੀ ਵਿਚ ਪਰਵੇਸ਼ ਕਰ ਰਹੀਆਂ ਨੇ ।

ਉਹਨੇ ਮੇਰਾ ਕਲਾਵਾ ਨਹੀਂ ਛੱਡਿਆ। 'ਤੁਮ ਕਿਸ ਮਾਇਆ ਜਾਲ ਮੈਂ ਫੰਸਤੇ ਜਾ ਰਹੇ ਹੋ ਕੌਂਤੇਯ।' ਮੈਂ ਬ੍ਰਹਮਾ ਹਾਂ। ਤੀਨੇ ਰੂਪਕ ਰਖਤਾ। ਇਹ ਕੀ ਹੋ ਰਿਹਾ? ਮਾਂ ਤੇ ਨਾਨੇ ਦਾ ਸਿਰ ਮੇਰੇ ਸਿਰ ਨਾਲ ਕਿਵੇਂ ਆ ਜੁੜਿਆ। ਮੈਂ ਅਨੁਭਵ ਕਰ ਸਕਦਾ ਹਾਂ। ਸਿਰ ਨੂੰ ਹੱਥ ਲਾ ਕੇ ਵੇਖਿਐ। ਠੀਕ ਤਿੰਨ ਸਿਰ ਨੇ ਮੈਂ ਵੇਦ ਮੰਤਰ ਉਚਾਰਨ ਲੱਗ ਪਿਆ ਹਾਂ।"[6]

ਪਿੱਛਲ-ਝਾਤ ਦੀ ਵਿਧੀ ਅਤੇ ਕਹਾਣੀ ਦੇ ਵਰਤਮਾਨ ਕਾਲ ਵਿਚ ਚੱਲ ਰਹੇ ਸਮੇਂ ਵਿਚ ਵੀ ਨਵੇਂ ਤਜ਼ਰਬੇ ਦ੍ਰਿਸ਼ਟੀਗੋਚਰ ਹੋਏ ਹਨ। ਕਹਾਣੀ ਪਿੱਛਲ-ਝਾਤ ਵਿਚੋਂ ਨਿਕਲਕੇ ਵਰਤਮਾਨ ਕਾਲ ਵਿਚ ਜਦੋਂ ਪਰਵੇਸ਼ ਕਰਦੀ ਹੈ ਤਾਂ ਉਹ ਉਸ ਵਿਚਾਰ ਨੂੰ ਹੀ ਨਸ਼ਰ ਕਰ ਰਹੀ ਹੁੰਦੀ ਹੈ ਜੋ ਪਿੱਛਲਤਾਤ ਦੀ ਵਿਧੀ ਵਿਚ ਚੱਲ ਰਿਹਾ ਹੁੰਦਾ ਹੈ ਭਾਵੇਂ ਉਸ ਦੇ ਪ੍ਰਸੰਗ ਬਦਲ ਜਾਂਦੇ ਹਨ। ਇਸ ਤਰ੍ਹਾਂ ਦੀ ਜੁਗਤ ਦੀ ਵਰਤੋਂ ਬਲਦੇਵ ਸਿੰਘ ਧਾਲੀਵਾਲ ਦੀਆਂ ਕਹਾਣੀਆਂ ਵਿਚ ਵੇਖਣ ਨੂੰ ਮਿਲਦੀ ਹੈ।ਇਸ ਸੰਦਰਭ ਵਿਚ ਉਸ ਦੀ ਕਹਾਣੀ 'ਆਈਸਕ੍ਰੀਮ' ਵਾਚਣਯੋਗ ਹੈ:

"ਚੋਰੀ ਛਿਪੇ ਫਿਰ ਉਸਨੂੰ ਮਨਾਉਣ ਲਈ ਯਤਨ ਸ਼ੁਰੂ ਹੋ ਗਏ। ਲੱਖਾਂ ਤਰਲਿਆਂ ਪਿੱਛੋਂ ਉਹ ਮੰਨੀ ਤਾਂ ਕਿਤੇ ਜਾ ਕੇ ਜਾਨ 'ਚ ਜਾਨ ਆਈ ਅਤੇ......।

"...ਓਹੋ ਕਿਉਂ ਜਾਨ ਲੈਣ ਲੱਗੇ ਓ ਸਾਰੇ ਟੱਬਰ ਦੀ।" ਸੁਖਚੈਨ ਨੇ ਮੈਨੂੰ ਮੋਢੇ ਤੋਂ ਫੜ ਕੇ ਝੰਜੋੜਿਆ ਹੈ। ਮੈਂ ਤ੍ਰਬਕਿਆ ਹਾਂ। ਗੱਡੀ ਉਲਟੀ ਸਾਈਡ ਵੱਲ ਚਲ ਰਹੀ ਹੈ।"[7]

ਅਜੋਕੀ ਪੰਜਾਬੀ ਕਹਾਣੀ ਵਿਚ ਸਨਸਨੀਖੇਜ਼ ਸਰਵਰਕ ਦੁਆਰਾ ਪਾਠਕਾਂ ਨੂੰ ਭਰਮਾਉਣ ਦੇ ਯਤਨ ਕੀਤੇ ਜਾ ਰਹੇ ਹਨ। ਪਾਠਕਾਂ ਨੂੰ ਕਹਾਣੀ ਵੱਲ ਖਿੱਚਣ ਦੀ ਇਹ ਇੱਕ ਜੁਗਤ ਹੈ। ਇਸ ਸੰਦਰਭ ਵਿਚ ਸੁਖਜੀਤ ਦੇ ਕਹਾਣੀ-ਸੰਗ੍ਰਹਿ 'ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ' ਦਾ ਸਰਵਰਕ ਵਿਚਾਰਨਯੋਗ ਹੈ। ਇਹ ਜੁਗਤ ਪਾਠਕਾਂ ਨੂੰ ਘੇਰ ਕੇ ਡੇਰੇਵਾਦ ਦੇ ਕਸੈਲੇ ਜੀਵਨ ਯਥਾਰਥ ਦੇ ਪ੍ਰਵਚਨ ਤੋਂ ਅਵਗਤ ਕਰਵਾਉਂਦੀ ਹੈ।

ਅਜੋਕੀ ਪੰਜਾਬੀ ਕਹਾਣੀ ਵਿਚ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਅਤੇ ਇਸਦੇ ਕਲਾਤਮਕ ਰੁਝਾਨ ਨਵੇਂ ਆਯਾਮ ਸਿਰਜ ਰਹੇ ਹਨ। ਬਹੁਭਿੰਨ ਵਿਸ਼ਿਆਂ ਦੀ ਪੇਸ਼ਕਾਰੀ ਲਈ ਬਹੁਭਿੰਨ ਕਲਾਤਮਕ ਜੁਗਤਾਂ ਨਵੇਂ ਤਜ਼ਰਬਿਆਂ ਸਹਿਤ ਉਭਰਕੇ ਸਾਹਮਣੇ ਆ ਰਹੀਆਂ ਹਨ। ਇਹਨਾਂ ਨਵੇਂ ਤਜ਼ਰਬਿਆਂ ਸਦਕਾ ਹੀ ਅਜੋਕੀ ਪੰਜਾਬੀ ਕਹਾਣੀ ਨਵੇਂ ਦਿਸਹੱਦਿਆਂ ਵੱਲ ਵੱਧ ਰਹੀ ਹੈ। ਅਜੋਕੀ ਪੰਜਾਬੀ ਕਹਾਣੀ ਦੇ ਵਿਸ਼ਲੇਸ਼ਣ ਤੋਂ ਬਾਅਦ ਹੁਣ ਅਸੀਂ ਅਜੋਕੀ ਪੰਜਾਬੀ ਕਹਾਣੀ ਵਿਚ ਅਮਨ ਗਿੱਲ ਦੀ ਕਹਾਣੀ-ਕਲਾ ਦਾ ਸਥਾਨ ਨਿਸ਼ਚਿਤ ਕਰਾਂਗੇ। ਅਮਨ ਗਿੱਲ ਅਜੋਕੇ ਕਹਾਣੀਕਾਰਾਂ ਵਿਚ ਆਪਣੀਆਂ ਕਲਾਤਮਕ ਜੁਗਤਾਂ ਸਦਕਾ ਹੀ ਵਿਲੱਖਣ ਸਥਾਨ ਦਾ ਧਾਰਨੀ ਹੈ। ਉਹ ਅਜੋਕੇ ਮਨੁੱਖ ਦੀ ਗੁੰਝਲਦਾਰ ਮਾਨਸਿਕਤਾ ਦੇ ਪ੍ਰਗਟਾਵੇ ਲਈ ਬਹੁ-ਭਿੰਨ ਕਲਾਤਮਕ ਜੁਗਤਾਂ ਦੀ ਵਰਤੋਂ ਕਰਦਾ ਹੈ। ਅਮਨ ਗਿੱਲ ਦੀ ਵੱਡੀ ਪ੍ਰਾਪਤੀ ਅਜੋਕੇ ਮੱਧਵਰਗੀ ਵਿਅਕਤੀ ਦੀਆਂ ਮਨੋਗੁੰਝਲਾਂ/ਮਨੋਅਕਾਂਖਿਆਵਾਂ/ਮਨੋਸੰਤਾਪਾਂ ਦੇ ਕਲਾਤਮਕ ਪ੍ਰਗਟਾਵੇ ਵਿਚ ਨਿਹਿਤ ਹੈ।

ਮਨੁੱਖੀ ਜ਼ਿੰਦਗੀ ਵਿਚ ਖੁਸ਼ੀ ਦੇ ਪਲਾਂ ਦੀ ਛਿਣ-ਭੰਗਰਤਾ ਦੀ ਅਭਿਵਿਅਕਤੀ ਲਈ ਮਿੱਥ ਦੀ ਵਰਤੋਂ ਕਰਨਾ ਉਸਦੀ ਕਲਾਤਮਕਤਾ ਦਾ ਸਿਖ਼ਰ ਹੈ। ਕਹਾਣੀ ਵਿਚ ਮਿੱਥ ਦੀ ਸੁਲੱਭਤਾ ਅਤੇ ਸੁਚੱਜਤਾ ਨਾਲ ਵਰਤੋਂ ਕਰਨ ਸਦਕਾ ਹੀ ਉਹ ਅਜੋਕੀ ਪੰਜਾਬੀ ਕਹਾਣੀ ਵਿਚ ਵਿਸ਼ੇਸ਼ ਸਥਾਨ ਦਾ ਅਧਿਕਾਰੀ ਹੈ। 'ਸਿਸੀਫ਼ਸ ਅਤੇ ਵਿਚਕਾਰਲਾ ਪਲ' ਕਹਾਣੀ ਵਿਚ ਉਸਨੇ ਖੁਸ਼ੀ ਦੇ ਪਲਾਂ ਦੀ ਥੋੜ੍ਹ-ਚਿਰਤਾ ਅਤੇ ਦੁੱਖ ਦੇ ਪਲਾਂ ਦੀ ਬਹੁਲਤਾ ਨੂੰ ਦਰਸਾਉਣ ਲਈ ਯੂਨਾਨੀ ਨਾਇਕ ਸਿਸੀਫ਼ਸ ਦੀ ਮਿੱਥ ਦੀ ਵਰਤੋਂ ਕੀਤੀ ਹੈ। ਮਨੁੱਖੀ ਜ਼ਿੰਦਗੀ ਵਿਚ ਖੁਸ਼ੀ ਦੇ ਪਲਾਂ ਦੀ ਛਿਣ-ਭੰਗਰਤਾ ਅਤੇ ਥੋੜ੍ਹ-ਚਿਰਤਾ ਦੀ ਅਭਿਵਿਅਕਤੀ ਲਈ ਉਹ ਪ੍ਰਤੀਕ ਵੀ ਛੋਟੇ-ਛੋਟੇ ਹੀ ਵਰਤਦਾ ਹੈ। ਚੰਗਿਆੜੇ, ਜੁਗਨੂੰ, ਅਸਮਾਨ ਦਾ ਪੋਟਾ ਭਰ ਖਾਲੀਪਣ ਟੁੱਟਣਾ, ਨਿੱਕਾ ਹਰਕਤਹੀਣ ਬੂਟਾ, ਛੋਟਾ ਮਨੁੱਖ, ਤਾਰਿਆਂ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਨੀਆਂ ਅਤੇ ਨਿੱਕੀ ਜਿਹੀ ਮਾਸੂਮ ਕੁੜੀ ਆਦਿ ਪ੍ਰਤੀਕ ਉਸਦੇ ਕਲਾਤਮਕ ਪ੍ਰਗਟਾਵੇ ਦੀ ਸੁਚੱਜਤਾ ਵਿਚ ਵਾਧਾ ਕਰਦੇ ਹਨ।

ਅਮਨ ਗਿੱਲ ਦੀ ਕਹਾਣੀ-ਕਲਾ ਦਾ ਇੱਕ ਹੋਰ ਮਹੱਤਵਪੂਰਨ ਪੱਖ ਕਹਾਣੀਆਂ ਵਿਚ ਕਾਰਜਸ਼ੀਲ ਵਸਤਾਂ ਜਾਂ ਜੀਵਾਂ ਨੂੰ ਅਰਥ ਉਤਪਾਦਨ ਲਈ ਜੁਗਤ ਦੇ ਤੌਰ 'ਤੇ ਵਰਤਣਾ ਹੈ। ਇਹ ਵਸਤਾਂ ਜਾਂ ਜੀਵ ਕਦੇ ਕਹਾਣੀ ਵਿਚ ਸੰਕਟਗ੍ਰਸਤ ਸਥਿਤੀ ਦੀ ਨਵਿਰਤੀ ਦਾ ਕਾਰਨ ਬਣਦੇਹਨ ਅਤੇ ਕਦੇ ਪ੍ਰਤੀਕਾਂ ਵਜੋਂ ਵਿਚਰਕੇ ਅਰਥਾਂ ਦਾ ਉਤਪਾਦਨ ਕਰਦੇ ਹਨ। 'ਰੇਪੇਟੇਲੀਅਨ ਦੀ ਮੌਤ'ਕਹਾਣੀ ਵਿੱਚ ਸੱਪ ਨੂੰ, 'ਦੁੱਖ ਦੀ ਇੱਕ ਤਰਤੀਬ' ਵਿਚ ਸ਼ਰਾਬ ਨੂੰ ਅਤੇ 'ਮੈਂ ਚੋਰ ਹਾਂ' ਵਿੱਚ ਤਖਤੀ ਨੂੰ ਜੁਗਤ ਦੇ ਤੌਰ 'ਤੇ ਵਰਤਿਆ ਗਿਆ ਹੈ। ਵਸਤਾਂ ਜਾਂ ਜੀਵਾਂ ਦੀ ਇੱਕ ਜੁਗਤ ਦੇ ਤੌਰ 'ਤੇ ਵਰਤੋਂ ਸਦਕਾ ਅਜੋਕੇ ਮਨੁੱਖ ਦੀ ਗੁੰਝਲ ਮਾਨਸਿਕਤਾ ਦਾ ਕਲਾਤਮਕ ਪ੍ਰਗਟਾਵਾਹੋਇਆ ਹੈ।

ਅਮਨ ਗਿੱਲ ਦੀਆਂ ਕਹਾਣੀਆਂ ਵਿਚ ਦਾਰਸ਼ਨਿਕ ਕਥਨ ਉਸ ਦੀਆਂ ਕਹਾਣੀਆਂ ਨੂੰ ਗਹਿਰਾਈ ਪ੍ਰਦਾਨ ਕਰਦੇ ਹਨ। ਇਹ ਉਸਦੀ ਕਹਾਣੀ-ਕਲਾ ਦਾ ਵਿਸ਼ੇਸ਼ ਪੱਖ ਹੈ ਜੋ ਉਸਨੂੰ ਦੂਸਰੇ ਕਹਾਣੀਕਾਰਾਂ ਨਾਲੋਂ ਵਿਲੱਖਣ ਬਣਾਉਂਦਾ ਹੈ। ਜੀਵਨ ਅਤੇ ਮੌਤ ਬਾਰੇ ਉਸਦੇ ਦਾਰਸ਼ਨਿਕ ਕਥਨ ਉਸਦੀ ਕਲਾਤਮਕ ਸਮਰੱਥਾ ਦਾ ਪ੍ਰਗਟਾਵਾ ਕਰਦੇ ਹਨ:

"ਮੌਤ ਨੂੰ ਹਾਲੇ ਤੀਕ ਉਹ ਮੌਤ ਦੇ ਆਇਨੇ ਵਿਚ ਹੀ ਤਕਦਾ ਆ ਰਿਹਾ ਸੀ ਪਰ ਜ਼ਿੰਦਗੀ ਦੇ ਆਇਨੇ ਵਿਚ ਮੌਤ ਇੰਨੀ ਭਿਆਨਕ ਹੁੰਦੀ ਹੈ?"[8]
(ਮੌਤ ਤੋਂ ਕੁਝ ਕਦਮ ਅੱਗੇ, ਪੰਨਾ-37)

"ਸ਼ਾਸਤਰਾਂ ਨੇ ਆਖਿਆ ਕਿ ਇਹ ਜਹਾਨ ਪੇਕਾ ਘਰ ਹੈ ਤੇ ਉਹ ਜਹਾਨ ਸਹੁਰਾ ਘਰ। ਸ਼ਾਸਤਰਾਂ ਨੇ ਆਖਿਆ.......। ਸ਼ਾਸਤਰਾਂ ਨੇ......."[9]
(ਨਾਈਟ ਮੇਅਰ ਦਾ ਜ਼ਹਿਰ, ਪੰਨਾ-23.)

ਅੰਤਰ-ਪਾਠਾਤਮਕਤਾ ਦੀ ਵਿਧੀ ਦੀ ਵਰਤੋਂ ਉਸਦੀਆਂ ਕਹਾਣੀਆਂ ਵਿਚ ਇੱਕ ਹੋਰ ਮਹੱਤਵਪੂਰਨ ਕਲਾਤਮਕ-ਜੁਗਤ ਵਜੋਂ ਉਭਰਦੀ ਹੈ। ਉਸਦੀਆਂ ਕਹਾਣੀਆਂ 'ਗੁਲੀਵਰ ਬੌਣਿਆਂ ਦੇ ਦੇਸ਼ ਵਿਚ'ਤੇ 'ਅੱਠ ਆਨਿਆਂ ਦਾ ਚੋਰ'ਵਿਚ ਇਸ ਵਿਧੀ ਦੀ ਵਰਤੋਂ ਕੀਤੀ ਗਈ ਹੈ। 'ਗੁਲੀਵਰ ਬੌਣਿਆਂ ਦੇ

ਦੇਸ਼ ਵਿਚ'ਕਹਾਣੀ ਵਿਚ ਜੋਨਾਰਥ ਸਵਿਫਟ ਦੇ ਆਈਰਸ਼ ਨਾਵਲ 'ਗੁਲੀਵਰ ਟਰੈਵਲਸ'ਵਿੱਚ ਵਰਤੀ ਗਈ ਬੌਣਿਆਂ ਦੇ ਦੇਸ਼ ਦੀ ਫੈਂਟਸੀ ਦੀ ਵਰਤੋਂ ਮਹਾਂਨਗਰ ਦੀ ਜ਼ਿੰਦਗੀ ਉੱਪਰ ਵਿਅੰਗ ਕਰਨ ਲਈ ਕੀਤੀ ਗਈ ਹੈ। 'ਅੱਠ ਆਨਿਆਂ ਦਾ ਚੋਰ' ਕਹਾਣੀ ਹਿੰਦੀ ਕਹਾਣੀਕਾਰ ਸੁਦਰਸ਼ਨ ਦੀ ਕਹਾਣੀ 'ਅਠਨੀ ਕਾ ਚੋਰ' 'ਤੇ ਆਧਾਰਿਤ ਹੈ।ਅਮਨ ਗਿੱਲ ਆਪਣੇ ਦੂਸਰੇ ਕਹਾਣੀ-ਸੰਗ੍ਰਹਿ ਵਿਚ ਵਿਅੰਗ ਨੂੰ ਇੱਕ ਕਾਰਗਰ ਹਥਿਆਰ ਦੇ ਤੌਰ 'ਤੇ ਵਰਤਦਾ ਹੈ। ਇਸ ਜੁਗਤ ਦੀ ਵਰਤੋਂ ਉਹ ਭ੍ਰਿਸ਼ਟ ਯੂਨੀਵਰਸਿਟੀ ਤੰਤਰ ਸਾਹਮਣੇ ਲਿਆਉਣ ਲਈ ਕਰਦਾ ਹੈ। ਉਸਦੇ ਪਹਿਲੇ ਕਹਾਣੀ-ਸੰਗ੍ਰਹਿ ਵਿਚ ਜਿਥੇ ਅਜੋਕੇ ਮਨੁੱਖ ਦੀਆਂ ਮਨੋਸਥਿਤੀਆਂ ਦਾ ਦਾਰਸ਼ਨਿਕ ਪ੍ਰਗਟਾਵਾ ਹੋਇਆ ਹੈ ਉੱਥੇ ਉਸਦਾ ਦੂਸਰਾ ਕਹਾਣੀ-ਸੰਗ੍ਰਹਿ ਮੂਲੋਂ ਹੀ ਵੱਖਰੀ ਰਾਜਨੀਤਿਕ ਸਥਿਤੀ ਦੀ ਪੇਸ਼ਕਾਰੀ ਕਰਦਾ ਹੈ ਅਤੇ ਇਸ ਸਥਿਤੀ ਦੇ ਪੇਸ਼ਕਾਰੀ ਲਈ ਵਿਅੰਗ ਤੇ ਕਟਾਖਸ਼ ਦੀ ਜੁਗਤ ਦੀ ਵਰਤੋਂ ਕੀਤੀ ਗਈ ਹੈ। ਜਿਥੇ ਅਜੋਕੀ ਕਹਾਣੀ ਨਵੀਆਂ ਤਕਨੀਕਾਂ ਅਤੇ ਜੁਗਤਾਂ ਨਾਲ ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਖਿੱਚ ਰਹੀ ਹੈ ਉਥੇ ਇਸ ਕਹਾਣੀ-ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿਚ ਸਥਿਤੀਆਂ ਦੀ ਪੇਸ਼ਕਾਰੀ ਉੱਪਰ ਵਧੇਰੇ ਧਿਆਨ ਦੇਣ ਕਾਰਨ ਕਲਾਤਮਕ ਪੱਖ ਅਣਗੌਲਿਆ ਰਹਿ ਗਿਆ ਹੈ ਪਰ ਵਿਅੰਗ ਅਤੇ ਕਟਾਖਸ਼ ਦੀ ਜੁਗਤ ਦੀ ਵਰਤੋਂ ਕਾਰਨ ਅਤੇ ਅਸਲੀ ਘਟਨਾਵਾਂ ਉੱਪਰ ਆਧਾਰਿਤ ਹੋਣ ਕਾਰਨ ਇਹ ਕਹਾਣੀਆਂ ਬਹੁਤ ਚਰਚਿਤ ਰਹੀਆਂ ਹਨ। ਇਹਨਾਂ ਉੱਪਰ ਅਖਬਾਰੀ ਚਰਚਾ ਵੀ ਚੱਲਦੀ ਰਹੀ ਹੈ ਅਤੇ ਪਾਠਕਾਂ ਨੇ ਇਹਨਾਂ ਨੂੰ ਭਰਵਾਂ ਹੁੰਗਾਰਾ ਵੀ ਦਿੱਤਾ ਹੈ। 'ਨਵਾਂ ਜ਼ਮਾਨਾ'ਅਖਬਾਰ ਨੇ 2005 ਵਿਚ ਕੀਤੇ ਸਰਵੇ ਵਿਚ ਉਸਦੀਆਂ ਕਹਾਣੀਆਂ 'ਹੁਸੀਨ ਚਿਹਰੇ ਅਤੇ 'ਬਘਿਆੜ ਯੂਨੀਵਰਸਿਟੀ ਵਿਚ'ਨੂੰ ਸਾਲ ਦੀਆਂ ਬਿਹਤਰੀਨ ਕਹਾਣੀਆਂ ਵਿਚ ਸ਼ਾਮਿਲ ਕੀਤਾ।

ਅਮਨ ਗਿੱਲ ਦੀਆਂ ਕਹਾਣੀਆਂ ਦੇ ਸਿਰਲੇਖ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿੱਚਦੇ ਹਨ। ਕਿਸੇ ਕਹਾਣੀ ਦਾ ਸਿਰਲੇਖ ਕਹਾਣੀ ਦੇ ਸਮੁੱਚੇ ਭਾਵ ਦੀ ਨੁਮਾਇੰਦਗੀ ਕਰ ਰਿਹਾ ਹੁੰਦਾ ਹੈ। ਅਮਨ ਗਿੱਲ ਦੁਆਰਾ ਵਰਤੀ ਗਈ ਵਿਅੰਗ ਦੀ ਜੁਗਤ ਉਸਦੀਆਂ ਕਹਾਣੀਆਂ ਦੇ ਸਿਰਲੇਖਾਂ ਵਿਚੋਂ ਵੀ ਉਘੜਦੀ ਹੈ। 'ਚੂਹੇ ਦੌੜ', 'ਗੁਸਲਖਾਨਿਆਂ ਦੇ ਪਹਿਰੇਦਾਰ', 'ਟਾਇਲਟ ਦੀ ਇੱਕ ਵਸਤ'ਆਦਿ ਸਿਰਲੇਖ ਵਿਅੰਗ ਉਪਜਾ ਰਹੇ ਹਨ।

ਨਿਰਸੰਦੇਹ ਅਮਨ ਗਿੱਲ ਅਜੋਕੀ ਪੰਜਾਬੀ ਕਹਾਣੀ ਵਿਚ ਆਪਣੀਆਂ ਕਲਾਤਮਕ ਵਿਸ਼ੇਸ਼ਤਾਵਾਂ ਸਦਕਾ ਵਿਸ਼ੇਸ਼ ਸਥਾਨ ਦਾ ਅਧਿਕਾਰੀ ਹੈ। ਅਜੋਕੇ ਮੱਧਵਰਗੀ ਸ਼ਹਿਰੀ ਪਰਿਵਾਰ ਦੀ ਸੰਤਾਪਿਤ ਮਾਨਸਿਕਤਾ ਦਾ ਚਿਤਰਣ ਉਸਦੀ ਕਹਾਣੀ-ਕਲਾ ਦੀ ਵੱਡੀ ਪ੍ਰਾਪਤੀ ਹੈ। ਮਿੱਥ ਦੀ ਵਰਤੋਂ, ਅੰਤਰ-ਪਾਠਾਤਮਕ ਵਿਧੀ ਦੀ ਵਰਤੋਂ, ਦਾਰਸ਼ਨਿਕ ਕਥਨਾਂ ਦੀ ਵਰਤੋਂ ਅਤੇ ਵਸਤਾਂ/ਜੀਵਾਂ ਨੂੰ ਕਲਾ-ਜੁਗਤਾਂ ਵਜੋਂ ਵਰਤਣਾ ਉਸਦੀਆਂ ਕਲਾਤਮਕ ਵਿਸ਼ੇਸ਼ਤਾਵਾਂ ਹੋ ਨਿਬੜਦੀਆਂ ਹਨ।

## ਹਵਾਲੇ ਤੇ ਟਿੱਪਣੀਆਂ


1. ਡਾ. ਧਨਵੰਤ ਕੌਰ, ਪੰਜਾਬੀ ਕਹਾਣੀ ਸ਼ਾਸਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003 ਪੰਨਾ-42
2. ਜਤਿੰਦਰ ਹਾਂਸ, ਪਾਵੇ ਨਾਲ ਬੰਨ੍ਹਿਆ ਹੋਇਆ ਕਾਲ, ਕੁਕਨਸ ਪ੍ਰਕਾਸ਼ਨ, ਜਲੰਧਰ, 2005, ਪੰਨਾ-11
3. ਭਗਵੰਤ ਰਸੂਲਪੁਰੀ, ਤੀਜਾ ਨੇਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ-72
4. ਡਾ. ਧਨਵੰਤ ਕੌਰ, ਪੰਜਾਬੀ ਕਹਾਣੀ ਸਾਸ਼ਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003 ਪੰਨਾ-54
5. ਗੁਰਸੇਵਕ ਸਿੰਘ ਪ੍ਰੀਤ, ਘੋੜ ਦੌੜ ਜਾਰੀ ਹੈ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012 ਪੰਨਾ-29
6. ਦੇਸ਼ ਰਾਜ ਕਾਲੀ, ਫਕੀਰੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005 ਪੰਨਾ-95
7. ਬਲਦੇਵ ਸਿੰਘ ਧਾਲੀਵਾਲ, ਆਪਣੇ-ਆਪਣੇ ਕਾਰਗਿਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ -70
8. ਅਮਨ ਗਿੱਲ, ਸਿਸੀਫ਼ਸ ਤੇ ਵਿਚਕਾਰਲਾ ਪਲ, ਰੂਪੀ ਪ੍ਰਕਾਸ਼ਨ, 2004, ਪੰਨਾ-37
9. ਉਹੀ, ਪੰਨਾ-23